*ਗੁਰਚਰਨਜੀਤ ਸਿੰਘ ਲਾਂਬਾ*
*ਐਡੀਟਰ ਪੰਥਕ ਮਾਸਕ ਪੱਤਰ 'ਸੰਤ ਸਿਪਾਹੀ'*

# ਐਨ.ਸੀ.ਈ.ਆਰ.ਟੀ. ਦਾ ਸਿੱਖਾਂ ਬਾਰੇ ਨਿਰਣਾ— ਦੁਰਭਾਵਨਾ ਜਾਂ ਅਣਗਹਿਲੀ ?

ਸੰਘ ਅਤੇ ਸੂਬਿਆਂ ਦੀਆਂ ਸਰਕਾਰਾਂ ਦੇ ਵਿਦਿਆ ਅਤੇ ਵਿਦਿਅਕ ਅਦਾਰਿਆਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰਨ ਵਾਲੀ ਭਾਰਤ ਸਰਕਾਰ ਦੀ ਪ੍ਰਮੁੱਖ ਸੰਸਥਾ ਐਨ.ਸੀ.ਈ.ਆਰ.ਟੀ., ਨੈਸ਼ਨਲ ਕਾਊਂਸਲ ਫਾਰ ਐਜੂਕੇਸ਼ਨ, ਰਿਸਰਚ ਐਂਡ ਟਰੇਨਿੰਗ ਹੈ। ਇਸ ਨੇ ਸੀ.ਬੀ.ਐਸ.ਈ. ਦੀ ਗਿਆਰ੍ਹਵੀ ਜਮਾਤ ਵਿੱਚ ਇਤਿਹਾਸ ਬਾਰੇ ਪੜ੍ਹਾਈ ਜਾਂਦੀ ਪਾਠ ਪੁਸਤਕ ਵਿੱਚ ਕੁਝ ਸੋਧਾਂ ਅਤੇ ਤਰਮੀਮਾਂ ਕੀਤੀਆਂ ਹਨ। ਸਿੱਖ ਇਤਿਹਾਸ ਬਾਰੇ ਸੁਝਾਈਆਂ ਗਈਆਂ ਤਰਮੀਮਾਂ ਨੇ ਮਸਲੇ ਨੂੰ ਨਜਿੱਠਣ ਅਤੇ ਇਤਿਹਾਸ ਨਾਲ ਇਨਸਾਫ਼ ਕਰਨ ਦੀ ਬਜਾਇ ਇਸ ਨੂੰ ਹੋਰ ਉਲਝਾ ਦਿੱਤਾ ਹੈ। ਭਾਰਤ ਸਰਕਾਰ ਨੇ ਐਨ.ਸੀ.ਈ.ਆਰ.ਟੀ. ਦੇ ਇਸ ਨਿਰਣੇ ਦੀ ਪੂਰੀ ਪੂਰੀ ਹਮਾਇਤ ਕਰਨ ਦਾ ਐਲਾਨ ਕਰ ਦਿੱਤਾ ਹੈ ਅਤੇ ਸਰਕਾਰ ਦੇ ਇਸ ਦੂਰਗਾਮੀ ਨਿਰਣੇ ਦੀ ਸ਼੍ਰੋਮਣੀ ਕਮੇਟੀ ਦੇ ਨਵ ਨਿਯੁਕਤ ਪ੍ਰਧਾਨ ਸਾਹਿਬ ਕ੍ਰਿਪਾਲ ਸਿੰਘ ਬਡੂੰਗਰ ਨੇ ਹਮਾਇਤ ਦਾ ਐਲਾਨ ਕਰਕੇ ਪੰਥਕ ਪ੍ਰਵਾਨਗੀ ਦੀ ਮੋਹਰ ਵੀ ਲਾ ਦਿੱਤੀ ਹੈ।

ਸਰਕਾਰੀ ਸਰਕੂਲਰ ਨੂੰ ਧਿਆਨ ਨਾਲ ਵਾਚਿਆਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਅੰਗਰੇਜ਼ੀ ਦੀ ਵਿਵਾਦਿਤ ਪੁਸਤਕ ਵਿੱਚੋਂ ਜੋ "Although there" ਤੋਂ ਕੱਢ ਦਿੱਤੇ ਜਾਣ ਦਾ ਪ੍ਰਚਾਰ ਪ੍ਰਸਾਰ ਕੀਤਾ ਜਾ ਰਿਹਾ ਹੈ, ਐਸਾ ਕੋਈ ਪੈਰਾ ਉਸ ਪੁਸਤਕ ਵਿੱਚ ਹੈ ਹੀ ਨਹੀਂ। ਇਸ ਦੇ ਨਾਲ ਹੀ ਅੰਗਰੇਜ਼ੀ ਪੁਸਤਕ ਦੇ ਹਿੰਦੀ ਅਨੁਵਾਦ ਵਿੱਚੋਂ ਕੁਝ ਹੋਰ ਹੀ ਕੱਢ ਦਿੱਤੇ ਜਾਣ ਦੀ ਗੱਲ ਸਰਕੂਲਰ ਵਿੱਚ ਕੀਤੀ ਗਈ ਹੈ। ਇਸ ਦੇ ਨਾਲ ਹੀ ਸਿੱਖ ਇਤਿਹਾਸ ਬਾਬਤ ਗਲਤੀਆਂ ਦੀ ਦਰੁਸਤਗੀ ਦੀ ਬਜਾਇ ਸਿੱਖਾਂ ਦਾ ਜ਼ਿਕਰ ਹੀ ਪਾਠ ਪੁਸਤਕ ਵਿੱਚੋਂ ਸਮਾਪਤ ਕਰ ਦਿੱਤਾ ਗਿਆ ਹੈ। ਮੁਗ਼ਲ ਸਿੱਖਾਂ ਨੂੰ ਸੱਗ (ਕੁੱਤੇ), ਭੁਜੰਗ (ਸੱਪ), ਦੰਗਈ ਆਦਿ ਨਾਵਾਂ ਨਾਲ ਮੁਖ਼ਾਤਬ ਕਰਦੇ ਸਨ ਪਰ ਉਨ੍ਹਾਂ ਦਾ ਜ਼ਿਕਰ ਤੇ ਹੋਂਦ ਨੂੰ ਤਾਂ ਤਸਲੀਮ ਕਰਦੇ ਸਨ। ਪਰ ਹੁਣ ਤਾਂ ਸਿੱਖ ਦਾ ਜ਼ਿਕਰ ਤੱਕ ਨਾ ਕਰਨਾ ਬਹੁਤ ਵੱਡੀ ਨਾਇਨਸਾਫ਼ੀ ਹੈ। ਭਾਰਤ ਦੀ ਅਜ਼ਾਦੀ ਦੀ ਲੜਾਈ ਤੇ ਬਾਅਦ ਵਿੱਚ ਐਮਰਜੈਂਸੀ ਮੋਰਚੇ ਬਾਰੇ ਕਿਸੇ ਵੀ ਪੁਸਤਕ ਵਿੱਚ ਸਿੱਖਾਂ ਦੇ ਰੋਲ ਦਾ ਜ਼ਿਕਰ ਤੱਕ ਨਾ ਕਰਨਾ ਇਸੇ ਕੜੀ ਦਾ ਅੰਗ ਹੈ। ਸੋ ਇਸ ਅਹਿਮ ਮੁੱਦੇ ਤੇ ਸਰਕਾਰ ਦੇ ਨਿਰਣੇ ਦੀ ਸ਼ਲਾਘਾ ਤੇ ਗੁਣ ਗਾਨ ਜਾਂ ਇਸ ਦੀ ਨਿਖੇਧੀ ਬੇ-ਮਾਅਨੀ ਹੈ ਬਲਕਿ ਅਸਲ ਮੁੱਦਾ ਪ੍ਰਤੱਖ ਗਲਤ ਬਿਆਨੀਆਂ ਨੂੰ ਸੋਧਣ ਦਾ ਹੈ।

ਇਸ ਗੱਲ ਨੂੰ ਅੱਗੇ ਤੋਰਦੇ ਹੋਏ ਘੱਟ ਗਿਣਤੀ ਕਮੀਸ਼ਨ ਦੇ ਉਪ ਚੇਅਰਮੈਨ ਤਰਲੋਚਨ ਸਿੰਘ ਨੇ ਐਨ.ਸੀ.ਈ.ਆਰ.ਟੀ. ਦੇ ਨਿਰਣੇ ਬਾਰੇ ਪਾਰਲੀਮੈਂਟ ਦੇ ਸਿੱਖ ਮੈਂਬਰਾਂ ਨੂੰ ਪਾਰਟੀ ਪੱਧਰ ਤੋਂ ਉੱਤੇ ਉੱਠ ਕੇ ਸਰਕਾਰ ਲਈ ਹਮਾਇਤ ਦੀ ਮੰਗ ਕਰ ਰਹੇ ਹਨ ਅਤੇ ਦੂਸਰੇ ਪਾਸੇ ਪਟਿਆਲਾ ਯੂਨੀਵਰਸਿਟੀ ਦੇ ਉਪਕੁਲਪਤੀ ਜਸਬੀਰ ਸਿੰਘ ਆਹਲੂਵਾਲੀਆ ਐਨ. ਸੀ. ਈ. ਆਰ. ਟੀ., ਦੇ ਕਦਮ ਨੂੰ ਕਾਹਲੀ ਵਿੱਚ ਚੁੱਕਿਆ ਕਦਮ ਕਹਿ ਕੇ ਇਸ ਨੂੰ ਰੱਦ ਕਰ ਰਹੇ ਹਨ।

ਕੀ ਐਨ.ਸੀ.ਈ.ਆਰ.ਟੀ. ਅਤੇ ਸਰਕਾਰ ਦਾ ਇਹ ਨਿਰਣਾ ਸਿੱਖ ਹਿੱਤਾਂ ਵਿੱਚ ਹੈ ਜਾਂ ਇਕ ਵਾਰ ਫਿਰ 'ਨਮਾਜ਼ ਬਖ਼ਸ਼ਾਉਣ ਲਈ ਗਏ ਤੇ ਰੋਜ਼ੇ ਗਲੇ ਪਵਾ ਕੇ ਆਉਣ' ਵਾਲਾ ਕਦਮ ਤਾਂ ਨਹੀਂ? ਇਹ ਇਕ ਬਹੁਤ ਹੀ ਅਹਿਮ ਮਸਲਾ ਸੀ ਪਰ ਸਪੱਸ਼ਟ ਤੌਰ 'ਤੇ ਕੌਮ ਅਤੇ ਕੌਮੀ ਅਦਾਰਿਆਂ ਨੇ ਹਮੇਸ਼ਾ ਦੀ ਤਰ੍ਹਾਂ ਇਸ ਬਾਰੇ ਨਿੱਠ ਕੇ ਮਸਲੇ ਨੂੰ ਵਿਚਾਰਨ ਦੀ ਬਜਾਇ ਕੇਵਲ ਬਿਆਨ ਜਾਰੀ ਕਰਨ ਤੱਕ ਦਾ ਫ਼ਰਜ਼ ਪੂਰਾ ਕੀਤਾ ਹੈ। ਜਾਪਦਾ ਤਾਂ ਇਸ ਤਰ੍ਹਾਂ ਹੈ ਕਿ ਇਸ ਅਹਿਮ ਮਸਲੇ ਤੇ ਇਸ ਦੇ ਨਿਰਣੇ ਦੇ ਕੁਪ੍ਰਭਾਵਾਂ ਬਾਰੇ ਸਰਸਰੀ ਵਿਚਾਰ ਵੀ ਨਹੀਂ ਕੀਤੀ ਗਈ ਹੈ।

ਅਖ਼ਬਾਰਾਂ ਦੇ ਰੋਲੇ ਰੱਪੇ ਅਤੇ ਬਿਆਨਾਂ ਰਾਹੀਂ ਸਰਕਾਰ ਦੇ ਇਸ ਨਿਰਣੇ ਨੂੰ 'ਲਾਲ ਅਤੇ ਭਗਵੇ' ਰੰਗ ਦੀਆਂ ਦੋ ਐਨਕਾਂ ਵਿੱਚੋਂ ਹੀ ਵੇਖਿਆ ਤੇ ਵਿਖਾਇਆ ਜਾ ਰਿਹਾ ਹੈ। ਇਸ ਮੁਤਾਬਿਕ ਜਾਂ ਤਾਂ ਸਰਕਾਰ ਦੇ ਇਸ ਫ਼ੈਸਲੇ ਦੀ ਸ਼ਲਾਘਾ ਤੇ ਉਪਮਾ ਕੀਤੀ ਜਾ ਰਹੀ ਹੈ ਤੇ ਜਾਂ ਫਿਰ ਨਿਖੇਧੀ। ਸਿੱਖਾਂ ਲਈ ਇਸ ਨੂੰ ਪ੍ਰਵਾਨ ਜਾਂ ਅਪ੍ਰਵਾਨ ਕਰਨ ਲਈ ਕਹਿਣਾ ਇਸ ਤਰ੍ਹਾਂ ਹੀ ਜਿਵੇਂ ਬੱਕਰੇ ਤੋਂ ਝਟਕੇ ਤੇ ਹਲਾਲ ਵਿੱਚੋਂ ਕਿਸੇ ਇਕ ਤਰੀਕੇ ਦੀ ਚੋਣ ਕਰਨ ਲਈ ਕਿਹਾ ਜਾਵੇ। ਉਸ ਦਾ ਜਵਾਬ ਤਾਂ 'ਹਰ ਦੋ ਲਾਅਨਤ' ਹੀ ਹੋ ਸਕਦਾ ਹੈ। ਸਵਾਲ ਰੱਦ ਜਾਂ ਪ੍ਰਵਾਨ ਕਰਨ ਦਾ ਕਤਈ ਨਹੀਂ ਹੈ ਬਲਕਿ ਅਸਲੀ ਮੰਗ ਤੇ ਮੁੱਦਾ ਇਨ੍ਹਾਂ ਪਾਠ ਪੁਸਤਕਾਂ ਵਿੱਚੋਂ ਸਿੱਖ ਇਤਿਹਾਸ ਬਾਰੇ ਦਰਜ ਕੀਤੀਆਂ ਸਰਾਸਰ ਭੜਕਾਊ ਅਤੇ ਗਲਤ ਬਿਆਨੀਆਂ ਨੂੰ ਸੁਧਾਰਨ ਦਾ ਸੀ। ਇਸ ਗਲਤੀ ਨੂੰ ਦਰੁਸਤ ਕਰਨ ਦੀ ਬਜਾਇ ਸਰਕਾਰ ਨੇ ਇਤਿਹਾਸ ਦੀ ਪਾਠ ਪੁਸਤਕ ਵਿੱਚੋਂ ਸਿੱਖਾਂ ਬਾਰੇ ਪੂਰਾ ਚੈਪਟਰ ਹੀ ਸਮਾਪਤ ਕਰ ਦਿੱਤਾ ਹੈ।

ਇਤਿਹਾਸ ਦੀ ਸਿਰਜਣਾ ਜਿੰਨਾਂ ਹੀ ਅਹਿਮ ਕੰਮ ਸਿਰਜੇ ਇਤਿਹਾਸ ਨੂੰ ਸਾਂਭਣ ਦਾ ਹੁੰਦਾ ਹੈ। ਇਸੇ ਲਈ ਵਿਲੀਅਮ ਹੈਜ਼ੀਲਿੱਟ ਨੇ ਕਿਹਾ ਹੈ ਕਿ ਕਿਸੇ ਦੀ ਮਹਾਨਤਾ ਉਸ ਦੇ ਜ਼ਿੰਦਗੀ ਵਿੱਚ ਮਹਾਨ ਹੋਣ ਨਾਲ ਹੀ ਨਹੀਂ ਹੁੰਦੀ ਬਲਕਿ ਇਹ ਇਤਿਹਾਸ ਦੇ ਵਰਕਿਆਂ ਤੇ ਸਬੂਤਾਂ 'ਤੇ ਨਿਰਭਰ ਕਰਦਾ ਹੈ। ਇਸ ਬਾਰੇ ਆਪਣੇ ਅਵੇਸਲੇਪਨ ਨਾਲ ਅਸੀਂ ਕਿੰਨੇ ਹੀ ਦੀਨ ਹਾਂ।

ਹੋਇਆ ਕੀ ਹੈ, ਇਹ ਜਾਣਨਾ ਜ਼ਰੂਰੀ ਹੈ। ਸਤੀਸ਼ ਚੰਦਰਾ ਵੱਲੋਂ ਅੰਗਰੇਜ਼ੀ ਵਿੱਚ ਲਿਖੀ ਪੁਸਤਕ *'ਮੈਡੀਏਵਲ ਇੰਡੀਯਾ'* ਅਤੇ ਇਸਦਾ ਹਿੰਦੀ ਅਨੁਵਾਦ *ਮਧਕਾਲੀਨ ਭਾਰਤ* ਸੀ.ਬੀ.ਐਸ. ਸੀ. ਵੱਲੋਂ ਗਿਆਰ੍ਹਵੀ ਜਮਾਤ ਲਈ ਮੰਨਜ਼ੂਰਸ਼ੁਦਾ ਨਿਰਧਾਰਿਤ ਪੁਸਤਕਾਂ ਹਨ। ਹਿੰਦੀ ਅਨੁਵਾਦ ਆਦਿਤਯ ਨਾਰਾਇਣ ਸਿੰਘ ਵੱਲੋਂ ਕੀਤਾ ਗਿਆ ਹੈ। ਇਨ੍ਹਾਂ ਪੁਸਤਕਾਂ ਦਾ ਦਸਵਾਂ ਭਾਗ *ਮੁਗਲੀਆ ਸਲਤਨਤ ਦੇ ਚੜ੍ਹਤ ਅਤੇ ਬਿਖਰਾਵ* ਨਾਮ ਹੇਠ ਅੰਕਿਤ ਹੈ। ਇਸ ਵਿੱਚ 'ਸਿੱਖ' ਸਿਰਲੇਖ ਹੇਠ ਸਿੱਖ-ਮੁਗ਼ਲ ਸਬੰਧਾਂ ਬਾਰੇ ਵੇਰਵਾ ਅੰਕਿਤ ਹੈ। ਇਸ ਵਿੱਚ ਗੁਰੂ ਸਾਹਿਬਾਨ ਅਤੇ ਸਿੱਖ ਇਤਿਹਾਸ ਬਾਰੇ ਘੋਰ ਅਪਮਾਨਜਨਕ ਤੇ ਗਲਤ ਬਿਆਨੀਆਂ ਸਨ। ਸਰਸਰੀ ਨਜ਼ਰੇ ਵੇਖਿਆ ਹੀ ਪੁਸਤਕ ਦੇ ਲਿਖਾਰੀ ਦਾ ਸਿੱਖਾਂ ਪ੍ਰਤੀ ਨਫ਼ਰਤ ਤੇ ਦੁਰਭਾਵਨਾ ਉਜਾਗਰ ਹੁੰਦੀ ਹੈ। ਇਸ ਦੇ ਨਾਲ ਹੀ ਹਿੰਦੀ ਅਨੁਵਾਦ ਤਾਂ ਬਹੁਤ ਹੀ ਕੋਝਾ, ਮਾੜਾ ਅਤੇ ਗਲਤੀਆਂ ਨਾਲ ਭਰਪੂਰ ਹੈ। ਇਸ ਵਿੱਚ ਕੁਝ ਕੁ ਇਤਰਾਜ਼ਯੋਗ ਮੱਦਾਂ ਹਨ,

✤ਗੁਰੂ ਹਰਿਕ੍ਰਿਸ਼ਨ ਦਾ ਇਕ ਪੁੱਤਰ ਔਰੰਗਜ਼ੇਬ ਦੇ ਦਰਬਾਰ ਵਿੱਚ ਰਹਿੰਦਾ ਸੀ।

✤ਗੁਰੂ ਤੇਗ ਬਹਾਦਰ ਨੇ ਪੰਜਾਬ ਵਿੱਚ ਲੁੱਟ ਮਾਰ ਮਚਾ ਕੇ ਪੂਰੇ ਪ੍ਰਾਂਤ ਨੂੰ ਉਜਾੜ ਦਿੱਤਾ ਸੀ।

✤ਕਸ਼ਮੀਰ ਦੇ ਹਿੰਦੂਆਂ ਤੇ ਕਿਸੇ ਵੀ ਕਿਸਮ

ਦੇ ਧਾਰਮਿਕ ਜ਼ੁਲਮੋ ਤਸ਼ੱਦਦ ਦਾ ਜ਼ਿਕਰ ਇਤਿਹਾਸ ਵਿੱਚ ਨਹੀਂ ਮਿਲਦਾ ਅਤੇ ਗੁਰੂ ਤੇਗ ਬਹਾਦਰ ਨੂੰ ਫਾਂਸੀ ਉਸਦੇ ਆਪਣੇ ਪਰਿਵਾਰ ਵਾਲਿਆਂ ਦੀ ਸਾਜ਼ਿਸ਼ ਦਾ ਸਿੱਟਾ ਸੀ। ਔਰੰਗਜ਼ੇਬ ਵੱਲੋਂ ਗੁਰੂ ਨੂੰ ਫ਼ਾਂਸੀ ਦੇਣਾ ਮਹਿਜ਼ ਕਾਨੂੰਨ ਤੇ ਅਮਨ ਬਹਾਲੀ ਦਾ ਮਸਲਾ ਸੀ।

✤ਗੁਰੂ ਗੋਬਿੰਦ ਸਿੰਘ ਜੀ ਦੀ ਵੱਧਦੀ ਹੋਈ ਸ਼ਕਤੀ ਕਰਕੇ ਔਰੰਗਜ਼ੇਬ ਵੱਲੋਂ 'ਗੁਰੂ ਨੂੰ ਫਟਕਾਰਨ' ਲਈ ਕਿਹਾ ਜਾ ਚੁੱਕਾ ਸੀ।

✤ਗੁਰੂ ਨੂੰ ਉਮੀਦ ਸੀ ਕਿ ਉਹ ਅਨੰਦਪੁਰ ਸਿੱਖਾਂ ਨੂੰ ਵਾਪਸ ਕਰ ਦੇਣ ਲਈ ਔਰੰਗਜ਼ੇਬ ਨੂੰ ਰਾਜ਼ੀ ਕਰ ਲਏਗਾ।

✤ਗੁਰੂ ਗੋਬਿੰਦ ਸਿੰਘ ਬਹੁਤੀ ਦੇਰ ਤੱਕ ਮੁਗ਼ਲ ਸ਼ਕਤੀ ਦਾ ਮੁਕਾਬਲਾ ਨਹੀਂ ਕਰ ਸਕਿਆ ਅਤੇ ਉਹ ਇਕ ਵੱਖ ਅਜ਼ਾਦ ਸਿੱਖ ਰਾਜ ਕਾਇਮ ਕਰਨ ਵਿੱਚ ਸਫ਼ਲ ਨਹੀਂ ਹੋਇਆ।

ਉਕਤ ਲਿਖਤ ਰਾਹੀਂ ਤਿਲਕ ਜੰਞੂ ਦੀ ਖ਼ਾਤਰ ਗੁਰੂ ਤੇਗ ਬਹਾਦਰ ਸਾਹਿਬ ਦੀ ਅਦੁੱਤੀ ਸ਼ਹਾਦਤ ਨੂੰ ਰੋਲਣ ਦੀ ਅਕ੍ਰਿਤਘਣਤਾ ਵਿਖਾਈ ਗਈ ਹੈ।

ਇਹ ਇਸ ਤਰ੍ਹਾਂ ਕੋਈ ਪਹਿਲੀ ਵਾਰ ਨਹੀਂ ਹੋਇਆ ਹੈ। ਗੁਰੂ ਤੇਗ ਬਹਾਦਰ ਸਾਹਿਬ ਦੀ ਤਿੰਨ ਸੌ ਸਾਲਾ ਸ਼ਹਾਦਤ ਦੇ ਸਮੇਂ ਵੀ 1975 ਵਿੱਚ ਡਾ. ਫੌਜਾ ਸਿੰਘ ਵੱਲੋਂ ਇਸ ਤਰ੍ਹਾਂ ਦੀਆਂ ਦਲੀਲਾਂ ਯੁਕਤ ਲੇਖ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਛਾਪਿਆ ਗਿਆ ਸੀ। ਪਰ ਬਾਅਦ ਵਿੱਚ ਡਾ. ਫੌਜਾ ਸਿੰਘ ਨੇ ਲਿਖਤੀ ਤੌਰ 'ਤੇ ਆਪਣੀ ਭੁੱਲ ਦਾ ਇਕਰਾਰ ਕੀਤਾ ਤੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਬਾਰੇ ਗੁਰੂ ਕਲਗੀਧਰ ਪਿਤਾ ਵੱਲੋਂ *ਬਚਿੱਤ੍ਰ ਨਾਟਕ* ਵਿੱਚ ਅੰਕਿਤ ਵੇਰਵੇ ਅਤੇ ਵਿਸਥਾਰ ਨੂੰ ਨਜ਼ਰ ਅੰਦਾਜ਼ ਕਰਕੇ ਕਿਸੇ ਨਿਰਣੇ 'ਤੇ ਪੁੱਜਣਾ ਅਕਾਦਮਿਕ ਬਦ-ਦਿਆਨਤੀ ਹੈ।

ਗੁਰਪੁਰਵਾਸੀ ਪ੍ਰਿ. ਹਰਿਭਜਨ ਸਿੰਘ *ਬਚਿੱਤ੍ਰ ਨਾਟਕ* ਵਿੱਚ ਵਰਣਤ ਕਲਗੀਧਰ ਪਿਤਾ ਦੀ ਉਕਤ ਗਵਾਹੀ ਬਾਰੇ ਆਪਣੀ ਪੁਸਤਕ *ਦਸ ਗੁਰ ਰਤਨਾਵਲੀ* ਦੇ ਪੰਨਾ 172 'ਤੇ ਲਿਖਦੇ ਹਨ,

*ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਹੀਦ ਗੁਰੂ ਹਨ।... ਉਨ੍ਹਾਂ ਦੀ ਇਸ ਮਹਾਨ ਘਟਨਾ ਦੀ ਅਹਿਮੀਅਤ ਨੂੰ ਮੁੱਖ ਰੱਖ ਸ੍ਰੀ ਗੁਰੂ ਗੋਬਿੰਦ ਸਿੰਘ ਨੇ* ***ਆਪਣੀ ਜੀਵਨ ਕਥਾ-ਬਚਿਤ੍ਰ ਨਾਟਕ*** *ਵਿੱਚ ਇਉਂ ਬਿਆਨ ਕੀਤਾ ਹੈ-*

***ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥***
***ਕੀਨੋ ਬਡੋ ਕਲੂ ਮਹਿ ਸਾਕਾ ॥***
***ਸਾਧਨ ਹੇਤ ਇਤੀ ਜਨ ਕਰੀ ॥***
***ਸੀਸ ਦੀਆ ਪਰ ਸੀ ਨ ਉਚਰੀ ॥੧੩ ॥***
***ਧਰਮ ਹੇਤ ਸਾਕਾ ਜਿਨਿ ਕੀਆ ॥***
***ਸੀਸ ਦੀਆ, ਪਰ ਸਿਰੁ ਨ ਦੀਆ ॥***
***ਨਾਟਕ ਚੇਟਕ ਕੀਏ ਕੁਕਾਜਾ ॥***
***ਪ੍ਰਭ ਲੋਗਨ ਕਹ, ਆਵਤ ਲਾਜਾ ॥੧੪ ॥***

**ਦੋਹਰਾ**

***ਠੀਕਰ ਫੋਰ ਦਿਲੀਸ ਸਿਰਿ, ਪ੍ਰਭ ਪੁਰ ਕੀ ਪਯਾਨ ॥***
***ਤੇਗ ਬਹਾਦਰ ਬਹਾਦਰ ਸੀ ਕਿਰਯਾ,***
***ਕਰੀ ਨ ਕਿਨਹੂੰ ਆਨ ॥੧੫ ॥***
***ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ ॥***
***ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ ॥੧੬ ॥***

ਸ੍ਰੀ ਦਸਮੇਸ਼ ਪਿਤਾ ਜੀ ਦੀ ਉਪਰੋਕਤ ਲਿਖਤ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ ਬਾਰੇ ਇਹ ਤੱਥ ਉਘੜ ਕੇ ਸਾਹਮਣੇ ਆਉਂਦੇ 'ਤੇ ਉਨ੍ਹਾਂ ਵੱਲੋਂ ਕੀਤੀ ਬੇ-ਜੋੜ ਕੁਰਬਾਨੀ ਨੂੰ ਉਜਾਗਰ ਕਰਦੇ ਹਨ-*ਪਹਿਲਾ-ਕਸ਼ਮੀਰ ਦੇ ਹਿੰਦੂ ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਹਾਜ਼ਰ ਹੋ, ਫਰਯਾਦੀ ਹੋਏ ਅਤੇ ਸ੍ਰੀ ਗੁਰੂ ਜੀ ਨੇ ਉਨ੍ਹਾਂ ਦੇ ਤਿਲਕ ਜੰਞੂ ਅਥਵਾ ਧਾਰਮਿਕ ਅਕੀਦੇ ਦੀ ਰਾਖੀ ਲਈ ਦੇਸ਼ ਦੀ ਰਾਜਧਾਨੀ, ਦਿੱਲੀ ਵਿਖੇ, ਇਹ ਸ਼ਹਾਦਤ ਦਿੱਤੀ।* ***ਤਿਲਕ ਜੰਞੂ ਰਾਖਾ ਪ੍ਰਭ ਤਾ ਕਾ*** *ਤੁਕ ਵਿੱਚ ਪਦ ਤਾਂਕਾ ਵਿਸ਼ੇਸ਼ ਤੌਰ 'ਤੇ ਮਹੱਤਵ ਪੂਰਨ ਤੇ ਵਿਚਾਰਯੋਗ ਹੈ। ਤਾਕਾ ਦਾ ਅਰਥ ਹੈ-ਉਨ੍ਹਾਂ ਲੋਕਾਂ ਦਾ ਜਿਨ੍ਹਾਂ ਦਾ ਧਾਰਮਿਕ ਅਕੀਦਾ ਤਿਲਕ, ਜੰਞੂ ਨਾਲ ਵਾਬਸਤਾ ਸੀ। ਸੰਸਾਰ ਦੇ ਧਾਰਮਿਕ ਇਤਿਹਾਸ ਤੇ ਸ਼ਹਾਦਤਾਂ ਦੀ ਲੜੀ ਵਿੱਚ ਆਪਣੇ ਆਪਣੇ ਧਰਮ-ਵਿਸ਼ਵਾਸ਼ ਲਈ ਤਾਂ ਮਹਾਨ ਤੇ ਪ੍ਰਭੂ-ਲੋਕ ਸਦਾ ਆਪਾ ਵਾਰਦੇ ਆਏ ਹਨ, ਪ੍ਰੰਤੂ ਉਸ ਧਾਰਮਿਕ ਅਕੀਦੇ (ਨਿਸ਼ਚੇ) ਦੀ ਰਾਖੀ ਲਈ ਜਾਨ ਤੱਕ ਦੀ ਬਾਜ਼ੀ ਲਾ ਇਤਿਹਾਸ ਵਿੱਚ ਇਕ ਅਲੌਕਿਕ ਘਟਨਾ ਸੀ। ਇਹੀ ਕਾਰਨ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸ਼ਹਾਦਤ ਨੂੰ ਕਲਜੁਗ ਵਿੱਚ ਵਾਪਰਿਆ ਵੱਡਾ ਸਾਕਾ ਕਰਕੇ ਬਿਆਨਿਆ ਹੈ।*

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਾਰੇ *ਬਚਿੱਤ੍ਰ ਨਾਟਕ* ਵਿੱਚ ਅੰਕਿਤ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ ਇਹ ਅਕੱਟ ਇਤਿਹਾਸਕ ਗਵਾਹੀ ਹੈ। ਪਰ ਵਾਰ-ਵਾਰ ਇੰਨੀ ਸਪੱਸ਼ਟ ਲਿਖਤ ਹੋਣ ਦੇ ਬਾਵਜੂਦ ਇਸ ਗਵਾਹੀ ਨੂੰ ਮਿਟਾਉਣ ਦੀ ਕੋਸ਼ਿਸ਼ ਗੁਰੂ ਤੇਗ ਬਹਾਦਰ ਜੀ ਨੂੰ ਮੁੜ ਕਤਲ ਤਰਨ ਦੀ ਸਾਜ਼ਿਸ਼ ਹੀ ਕਹੀ ਜਾ ਸਕਦੀ ਹੈ।

ਗੁਰੂ ਤੇਗ ਬਹਾਦਰ ਜੀ ਆਪਣੀ ਸ਼ਹਾਦਤ ਨਾਲ ਹਿੰਦ ਦੀ ਚਾਦਰ ਬਣੇ। ਕਲਗੀਧਰ ਪਿਤਾ ਦੇ ਮੁਤਾਬਿਕ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸਰੀਰ ਦਾ ਠੀਕਰਾ ਦਿੱਲੀ ਪਤਿ ਔਰੰਗਜ਼ੇਬ ਦੇ ਸਿਰ ਭੰਨਿਆ। ਪਰ ਇਹ ਮਹਾਨ ਦੇਸ਼ ਸ਼ਾਇਦ *ਦਿਲੀਸ਼ਵਰੋ-ਜਗਦੀਸ਼ਵਰੋ* ਦੇ ਅਸੂਲ ਮੁਤਾਬਿਕ ਔਰੰਗਜ਼ੇਬ ਵਰਗਿਆਂ ਦੇ ਗੁਨਾਹਾਂ ਨੂੰ ਵੀ ਵੇਖ ਕੇ ਅਣਡਿਠ ਹੀ ਨਹੀਂ ਕਰਦਾ ਬਲਕਿ ਉਸਦੇ ਨਾਮ 'ਤੇ ਔਰੰਗਜ਼ੇਬ ਰੋਡ ਰੱਖ ਕੇ ਉਸਦਾ ਸਨਮਾਨ ਵੀ ਕਰਦਾ ਹੈ। ਜੇਕਰ ਕਿਸੇ ਰਹਿ ਚੁੱਕੇ ਬਾਦਸ਼ਾਹ ਕਰਕੇ ਹੀ ਉਸਦਾ ਸਨਮਾਨ ਕਰਨਾ ਬਣਦਾ ਹੈ ਤਾਂ ਕੀ ਰਾਵਣ, ਕੰਸ, ਦੁਰਯੋਧਨ ਵੀ ਸਮਰਾਟ ਨਹੀਂ ਸਨ ? ਇਸ ਅਦੁੱਤੀ ਸ਼ਹਾਦਤ ਨੂੰ ਰੋਲਣ ਦੀ ਗੱਲ ਕੋਈ ਨਵੀਂ ਵੀ ਨਹੀਂ ਹੈ। ਭਾਈ ਸੰਤੋਖ ਸਿੰਘ ਜੀ ਵੀ ਅਜਿਹੀਆਂ ਕੋਝੀਆਂ ਹਰਕਤਾਂ ਬਾਰੇ ਲਿਖਦੇ ਹਨ,

***ਖੌਰੂ ਪਾਇ ਕੁਬਚਕੋ ਭਾਖੇ ॥***
***ਦੁਖਤਿ ਕਰਨ ਗਾਂਦਲੀ ਕਾਖੈ ॥***
***ਸੋ ਝਖ ਮਾਰਤਿ ਰਹੈਂ ਕੁਪੱਤੇ ॥***
***ਬਿਗਰਹਿ ਨਹਿ ਕਬੂਹ ਰਸ ਅੱਤੇ ॥***

ਸੋ ਇਸ ਬਾਰੇ ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੇ ਯੋਗ ਢੰਗ ਨਾਲ ਸਰਕਾਰ ਕੋਲ ਇਸ ਮਸਲੇ ਨੂੰ ਚੁੱਕਿਆ। ਇਸਦੇ ਬਾਅਦ ਦਿੱਲੀ ਵਿਧਾਨ ਸਭਾ ਦੇ ਦਸਵੇਂ ਇਜਲਾਸ ਵਿੱਚ 28 ਸਤੰਬਰ, 2001 ਨੂੰ ਅਰਵਿੰਦਰ ਸਿੰਘ ਲਵਲੀ ਵੱਲੋਂ ਪੇਸ਼ ਕੀਤਾ ਇਕ ਨਿਖੇਦੀ ਮਤਾ ਪਾਸ ਹੋਇਆ ਜਿਸ ਵਿੱਚ ਇਹ ਸਪੱਸ਼ਟ ਤੌਰ 'ਤੇ ਮੰਗ ਕੀਤੀ ਗਈ ਕਿ ਇਤਰਾਜ਼ਯੋਗ ਮੱਦਾਂ ਕੱਢ ਦਿੱਤੀਆਂ ਜਾਣ ਤੇ ਲੋੜੀਂਦੀ ਸੋਧ ਕੀਤੀ ਜਾਵੇ। ਲੋੜੀਂਦੀਆਂ ਸੋਧਾਂ ਕਰਨ ਲਈ ਵਿਧਾਨ ਸਭਾ ਸਕੱਤਰ ਸਿਧਾਰਥ ਰਾਉ ਨੇ 4 ਅਕਤੂਬਰ ਨੂੰ ਇਸ ਬਾਰੇ ਸਰਕਾਰ ਨੂੰ ਪੱਤਰ ਜਾਰੀ ਕੀਤਾ।

10 ਅਕਤੂਬਰ, 2001 ਨੂੰ ਐਨ.ਸੀ.ਆਰ.ਟੀ. ਦੇ ਸੰਯੁਕਤ ਸਕੱਤਰ ਐਮ.ਐਸ. ਖਾਪਰੜੇ ਨੇ ਸੀ. ਬੀ.ਐਸ.ਸੀ. ਨੂੰ ਪੱਤਰ ਜਾਰੀ ਕਰਕੇ ਉਕਤ ਪੁਸਤਕਾਂ ਵਿੱਚੋਂ ਕੱਟਾ ਵੱਢੀ ਕਰਨ ਦੀ ਇਕ ਜਾਰੀ ਕਰਕੇ ਹਦਾਇਤ ਦਿੱਤੀ ਕਿ ਇਨਾਂ ਮੱਦਾਂ ਨੂੰ ਪੜ੍ਹਾਉਣ, ਇਸ ਬਾਰੇ ਚਰਚਾ ਕਰਨ ਜਾਂ ਇਨ੍ਹਾਂ ਵਿੱਚੋਂ ਪਰਚਾ ਪਾਏ ਜਾਣ 'ਤੇ ਰੋਕ ਲਾ ਦਿੱਤੀ।

ਐਨ.ਸੀ.ਆਰ.ਟੀ. ਵੱਲੋਂ ਜਾਰੀ ਇਸ ਸਰਕੂਲਰ ਮੁਤਾਬਿਕ ਅੰਗਰੇਜ਼ੀ ਦੀ ਪੁਸਤਕ ਵਿੱਚੋਂ *"10. The Sikhs: Although there..... regional independence-Climax and Disintegration of the Mughal Empire. pp 237-228"* ਕੱਢਣ ਲਈ ਕਿਹਾ ਗਿਆ ਹੈ। ਪਰ ਚਿੰਤਾ ਦਾ ਵਿਸ਼ਾ ਇਹ ਹੈ ਕਿ *Although there.....*ਤੋਂ ਕੋਈ ਫ਼ਿਕਰਾ ਸ਼ੁਰੂ ਹੀ ਨਹੀਂ ਹੁੰਦਾ। ਇਸ ਦੇ ਨਾਲ ਹੀ ਹਿੰਦੀ ਦੀ ਪੁਸਤਕ ਵਿੱਚੋਂ ਪੰਨਾ 328-329 ਵਿੱਚ 'ਹਾਲਾਂਕਿ ਸ਼ਹਾਜਹਾਂ.....ਸਕਤਾ ਥਾਂ' ਕੱਟਣ ਲਈ ਕਿਹਾ ਗਿਆ ਹੈ।

ਇਸ ਸਰਕੂਲਰ ਨੂੰ ਇੰਨ ਬਿੰਨ ਲਾਗੂ ਕਰਨ

ਮੁਤਾਬਿਕ ਅੰਗਰੇਜ਼ੀ ਦੀ ਪੁਸਤਕ ਵਿੱਚੋਂ ਜੋ ਕੱਢਣ ਲਈ ਕਿਹਾ ਗਿਆ ਹੈ ਉਹ ਪੁਸਤਕ ਵਿੱਚ ਹੈ ਹੀ ਨਹੀਂ ਤੇ ਹਿੰਦੀ ਅਤੇ ਅੰਗਰੇਜ਼ੀ ਵਿੱਚੋਂ ਵੱਖ-ਵੱਖ ਕੱਢਣ ਲਈ ਕਿਹਾ ਗਿਆ ਹੈ। ਇੰਨੇ ਅਹਿਮ ਮਸਲੇ ਬਾਰੇ ਕੀ ਇਹ ਕਾਹਲੀ ਅਤੇ ਲਾਪ੍ਰਵਾਹੀ ਨਹੀਂ ?

ਐਨ.ਸੀ.ਆਰ.ਟੀ. ਵੱਲੋਂ ਜਾਰੀ ਸੂਚੀ ਦੇ ਅਧਾਰ 'ਤੇ ਸੀ.ਬੀ.ਐਸ.ਸੀ. ਨੇ ਤਤਪਰਤਾ ਨਾਲ 23 ਅਕਤੂਬਰ, 2001 ਨੂੰ ਸਰਕੂਲਰ ਜਾਰੀ ਕਰਕੇ ਸਰਕਾਰ ਦੇ ਇਸ ਫ਼ੈਸਲੇ ਨੂੰ ਲਾਗੂ ਕਰ ਦਿੱਤਾ।

ਸਰਕਾਰ ਦੇ ਇਸ ਫ਼ੈਸਲੇ ਦੀ ਪ੍ਰੋੜ੍ਹਤਾ ਕਰਦਿਆਂ ਘੱਟ ਗਿਣਤੀ ਕਮੀਸ਼ਨ ਦੇ ਉਪ ਚੇਅਰਮੈਨ ਤਰਲੋਚਨ ਸਿੰਘ ਨੇ 23 ਨਵੰਬਰ, 2001 ਨੂੰ ਅਖ਼ਬਾਰੀ ਖ਼ਬਰਾਂ ਦੇ ਹਵਾਲੇ ਨਾਲ 'ਇਤਰਾਜ਼ ਯੋਗ ਕੁਝ ਹਿੱਸੇ' ਕੱਢਣ ਲਈ ਐਨ.ਸੀ.ਈ.ਆਰ.ਟੀ. ਦੇ ਨਿਰਣੇ ਦੀ ਸ਼ਲਾਘਾ ਕਰਦਿਆਂ ਧੰਨਵਾਦ ਪ੍ਰਗਟ ਕੀਤਾ। ਕੀ ਇਹ ਬੇਹਤਰ ਨਹੀਂ ਹੁੰਦਾ ਕਿ ਆਪ ਇਹ ਪੱਤਰ ਐਨ.ਸੀ.ਆਰ.ਟੀ. ਵੱਲੋਂ ਡੇਢ ਮਹੀਨਾ ਪਹਿਲਾਂ ਜਾਰੀ ਕੀਤੇ ਸਰਕੂਲਰ ਨੂੰ ਧਿਆਨ ਵਿੱਚ ਰੱਖ ਕੇ ਜਾਰੀ ਰੱਖਦੇ।

ਸੋ ਇਸ ਬਾਰੇ ਮੰਗ ਅਤੇ ਲੋੜ ਤਾਂ ਸੀ ਕਿ ਤੱਥਾਂ ਦੀ ਦਰੁਸਤਗੀ ਕੀਤੀ ਜਾਂਦੀ ਪਰ ਅਣਗਹਿਲੀ ਜਾਂ ਦੁਰਭਾਵਨਾ ਤਹਿਤ ਇਨ੍ਹਾਂ ਗਲਤੀਆਂ ਨੂੰ ਠੀਕ ਕਰਨ ਦੇ ਨਾਮ ਤੇ ਕੱਟਾ ਵੱਢੀ ਕਰਦਿਆਂ ਪੁਸਤਕ ਵਿੱਚੋਂ ਸਿੱਖਾਂ ਬਾਰੇ ਪੂਰਾ ਚੈਪਟਰ ਹੀ ਉਡਾ ਦਿੱਤਾ ਗਿਆ ਹੈ। ਹੁਣ ਇਤਿਹਾਸ ਵਿੱਚ ਬੱਚਿਆਂ ਨੂੰ ਸਿੱਖਾਂ ਬਾਰੇ ਕੁਝ ਪੜ੍ਹਾਇਆ ਹੀ ਨਹੀਂ ਜਾਏਗਾ। ਐਲਨ ਹੇਲੀ ਨੇ ਕਿਹਾ ਸੀ ਕਿ ਇਤਿਹਾਸ ਜੇਤੂਆਂ ਵੱਲੋਂ ਲਿਖਿਆ ਜਾਂਦਾ ਹੈ ਪਰ ਲੱਗਦਾ ਹੈ ਹੁਣ ਇਸ ਦੀ ਪਰਿਭਾਸ਼ਾ ਇਹ ਹੋ ਗਈ ਹੈ ਕਿ ਜੇਤੂ ਹੋਣ ਲਈ ਕਿਸੇ ਕੌਮ ਦਾ ਇਤਿਹਾਸ ਹੀ ਮਿਟਾ ਦਿੱਤਾ ਜਾਏ। ਕੌਮ ਸੁੱਤੀ ਪਈ ਹੈ। ਕੋਈ ਕੁਝ ਨਹੀਂ ਬੋਲੇਗਾ।

ਸਿੱਖ ਮੁਗ਼ਲ ਸਬੰਧ ਤੇ ਟਕਰਾਅ ਸਿੱਖ ਇਤਿਹਾਸ ਤੇ ਸਿੱਖੀ ਦੀ ਗੌਰਵ ਗਾਥਾ ਦਾ ਸੁਨਹਿਰੀ ਅਧਿਆਇ ਹੀ ਨਹੀਂ ਬਲਕਿ ਭਾਰਤ ਦੇ ਇਤਿਹਾਸ ਦੀ ਇਕ ਅਹਿਮ ਕੜੀ ਹੈ। ਬਾਬਰ ਦੇ ਹਿੰਦੁਸਤਾਨ ਤੇ ਹਮਲੇ ਨਾਲ ਮੁਗ਼ਲਾਂ ਦੀ ਆਮਦ ਨਾਲ ਸ਼ੁਰੂ ਹੋਈ। ਗੁਰੂ ਨਾਨਕ ਦੇਵ ਜੀ ਨੇ ***ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ॥*** ਕਹਿ ਕੇ ਇਸ ਦਾ ਜ਼ਿਕਰ ਕੀਤਾ। ਦਿੱਲੀ ਦੀ ਦਹਿਲੀਜ਼ ਪਾਨੀਪਤ ਦੇ ਮੁਕਾਮ ਤੇ ਪਠਾਣ ਤੇ ਮੁਗਲ ਬਾਹਰੋਂ ਆ ਕੇ ਜੂਝ ਰਹੇ ਸਨ ਕਿ ਹਿੰਦੁਸਤਾਨ ਦੀ ਅਜ਼ਮਤ ਤੇ ਰਾਜ ਕਿਸ ਨੇ ਕਰਨਾ ਹੈ ਤੇ ਸਾਹ ਸੱਤ ਹੀਣ ਹੋਈ ਇਥੋਂ ਦੀ ਜਨਤਾ ਇੰਤਜ਼ਾਰ ਕਰ ਰਹੀ ਸੀ ਕਿ ਜੋ ਜਿੱਤੇਗਾ ਉਸਦੀ ਰਿਆਇਆ ਬਣਨਾ ਹੈ। ਇਸ ਵਿੱਚੋਂ **ਦਿਲੀਸ਼ਵਰੋ ਜਗਦੀਸ਼ਵਰੋ** ਦਾ ਸਿਧਾਂਤ ਨਿਕਲਿਆ ਕਿ ਦਿੱਲੀ ਪਤਿ ਹੀ ਰੱਬ ਹੈ। ***ਬਾਬੇ ਕੇ ਬਾਬਰ ਕੇ ਦੋਊ*** ਤੇ ਬਾਬਰ ਕਿਆਂ ਦੀ ਗਾਥਾ ਨੇ ਬਾਬਰ ਕਿਆਂ ਵੱਲੋਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਮਾਤਾ ਗੁਜਰੀ ਜੀ, ਚਾਰ ਸਾਹਿਬਜ਼ਾਦੇ, ਚਾਲੀ ਮੁਕਤੇ ਅਤੇ ਹਜ਼ਾਰਾਂ ਹੀ ਸ਼ਹਾਦਤਾਂ ਦੀ ਝੜੀ ਨਾਲ ਸਰਾਬੋਰ ਇਤਿਹਾਸ ਸਿਰਜਿਆ ਜਿਸ ਵਿੱਚ ਪਾਪ ਕੀ ਜੰਞ ਲੈ ਕਾਬਲਹੁ ਧਾਏ ਤੇ ਹਿੱਕ ਦੇ ਜ਼ੋਰ ਨਾਲ ਹਿੰਦੁਸਤਾਨ 'ਤੇ ਹਕੂਮਤ ਕਰ ਰਹੇ ਮੁਗ਼ਲ ਹੁਕਮਰਾਨਾ ਕੋਲੋਂ ਦਿੱਲੀ ਤੇ ਲਾਹੌਰ ਦਾ ਤਖ਼ਤ ਖੋਹ ਕੇ ਲਾਲ ਕਿਲ੍ਹੇ ਅਤੇ ਲਾਹੌਰ ਦੇ ਕਿਲ੍ਹੇ 'ਤੇ ਅਕਾਲੀ ਪਰਚਮ, ਨਿਸ਼ਾਨ ਸਾਹਿਬ ਲਹਿਰਾਉਣਾ ਇਸੇ ਇਤਿਹਾਸ ਦਾ ਅੰਗ ਹੈ। ਇਸ ਦੇ ਨਾਲ ਹੀ ਅਹਿਮਦ ਸ਼ਾਹ ਅਬਦਾਲੀ ਵਰਗੇ ਦੁਰੱਾਨੀ ਹਮਲਾਵਰਾਂ ਕੋਲੋਂ ਹਜ਼ਾਰਾਂ ਦੀ ਗਿਣਤੀ ਵਿੱਚ ਹਿੰਦੁਸਤਾਨ ਦੀਆਂ ਹਮਵਤਨ ਭੈਣਾਂ ਨੂੰ ਛੁਡਾ ਕੇ ਸੈਂਕੜੇ ਮੀਲ ਦੂਰ ਮਹਾਰਾਸ਼ਟਰਾਂ ਵਿੱਚ ਉਨ੍ਹਾਂ ਦੇ ਘਰਾਂ ਵਿੱਚ ਬਾ-ਇੱਜ਼ਤ ਪਹੁੰਚਾਉਣਾ ਇਸੇ ਅਧਿਆਇ ਦਾ ਅੰਗ ਹੈ। ਪੱਛਮ ਵੱਲੋਂ ਭਾਰਤ ਤੇ ਹਮਲਾਵਰਾਂ ਦਾ ਰਾਹ ਬੰਦ ਕੀਤਾ। ਭਾਰਤ ਦੇ ਗੌਰਵ ਪ੍ਰਤੀਕ ਸੋਮਨਾਥ ਦੇ ਮੰਦਰ ਦੇ ਦਰਵਾਜ਼ੇ ਗਜ਼ਨੀ ਤੋਂ ਵਾਪਸ ਹਿੰਦੁਸਤਾਨ ਲਿਆ ਕੇ ਸ੍ਰੀ ਹਰਿਮੰਦਰ ਸਾਹਿਬ ਲਗਵਾਏ। ਇਸ ਸਭ ਦੀ ਕੀਮਤ ਨਾਨਕ ਨਾਮ ਲੇਵਾ ਨੂੰ ਸਮਾਪਤ ਕਰ ਦੇਣ ਦੇ ਸਰਕਾਰ ਐਲਾਨਨਾਮਿਆਂ ਅਤੇ ਸਿੱਖਾਂ ਨੇ ਅੱਸੀ ਅੱਸੀ ਰੁਪਏ ਆਪਣੇ ਸਿਰਾਂ ਦਾ ਮੁੱਲ ਪਵਾ ਕੇ ਅਦਾ ਕੀਤੀ। ਅੱਜ ਐਨ.ਸੀ.ਈ.ਆਰ.ਟੀ. ਵੱਲੋਂ ਇਸ ਸਭ ਨੂੰ ਨਜ਼ਰ ਅੰਦਾਜ਼ ਕਰਕੇ ਸਿੱਖਾਂ ਬਾਰੇ ਪੂਰੇ ਚੈਪਟਰ ਨੂੰ ਹੀ ਸਮਾਪਤ ਕਰ ਦੇਣਾ ਇਨ੍ਹਾਂ ਮਹਾਨ ਸ਼ਹੀਦਾਂ ਤੇ ਸ਼ਹਾਦਤਾਂ ਪ੍ਰਤੀ ਅਵੱਗਿਆ, ਅਣਗਹਿਲੀ ਤੇ ਨਿਰਾਦਰੀ ਪ੍ਰਗਟ ਕਰਨਾ ਹੈ। ਕਿਸੇ ਆਲਮ ਦਾ ਕਹਿਣਾ ਕਿੰਨਾ ਦਰੁਸਤ ਹੈ ਕਿ ਜਿਹੜੀਆਂ ਕੌਮਾਂ ਆਪਣਾ ਇਤਿਹਾਸ ਵਿਸਾਰ ਦਿੰਦੀਆਂ ਹਨ ਇਤਿਹਾਸ ਉਨ੍ਹਾਂ ਨੂੰ ਵਿਸਾਰ ਦਿੰਦਾ ਹੈ। ਇਤਿਹਾਸ ਦੀ ਬੇਕਦਰੀ ਨਾਲ ਕੌਮਾਂ ਦਾ ਇਤਿਹਾਸ ਹੀ ਨਹੀਂ ਸਮਾਪਤ ਹੁੰਦਾ ਬਲਕਿ ਉਨ੍ਹਾਂ ਦਾ ਭੂਗੋਲ ਹੀ ਸਮਾਪਤ ਹੋ ਜਾਂਦਾ ਹੈ। ਪਰ ਅਸੀਂ ਆਪਣੇ ਇਤਿਹਾਸ ਤੋਂ ਇਹੀ ਸਬਕ ਸਿਖਿਆ ਹੈ ਕਿ ਅਸੀਂ ਇਤਿਹਾਸ ਤੋਂ ਕੋਈ ਸਬਕ ਨਹੀਂ ਸਿਖਿਆ ਹੈ।

ਸੋ ਇਸ ਸਾਰੇ ਵਿਸਥਾਰ ਦਾ ਤੱਥ ਸਾਰ ਇਹ ਹੈ ਕਿ ਬਿਨਾ ਕਿਸੇ ਦੇਰੀ ਦੀ ਸ਼੍ਰੋਮਣੀ ਕਮੇਟੀ, ਦਿੱਲੀ ਗੁਰਦੁਆਰਾ ਕਮੇਟੀ ਜਾਂ ਹੋਰ ਸੰਸਥਾਵਾਂ ਮਿਲ ਕੇ ਜਾਂ ਇਕੱਲਿਆਂ ਸਰਦਾਰ ਤਰਲੋਚਨ ਸਿੰਘ ਜੀ ਰਾਹੀਂ ਜਾਂ ਸਿਧਿਆਂ ਹੀ ਉਕਤ ਦੋਨੋਂ ਪੁਸਤਕਾਂ ਵਿੱਚ ਅੰਕਿਤ ਚੈਪਟਨ ਦੇ ਬਦਲ ਦੇ ਤੌਰ 'ਤੇ ਪੰਜ ਸਫ਼ੇ ਦਾ 'ਸਿੱਖ ਮੁਗਲ ਸਬੰਧਾਂ' ਬਾਰੇ ਨੋਟ ਸਰਕਾਰ ਨੂੰ ਭੇਜ ਕੇ ਇਸ ਨੂੰ ਤੁਰੰਤ ਲਾਗੂ ਕਰਵਾਉਣ। ਸਰਕਾਰ ਦਾ ਇਹ ਕਹਿਣਾ ਕਿ ਇਤਿਹਾਸ ਸੁੰਦਰ ਅਤੇ ਕਰਣਪ੍ਰਿਣ ਬਣਾਇਆ ਜਾਏਗਾ। ਮਿਥਿਹਾਸ ਤਾਂ ਕੰਨਾਂ ਵਿੱਚ ਰਸ ਘੋਲਣ ਵਾਲਾ ਤਿਆਰ ਕੀਤਾ ਜਾ ਸਕਦਾ ਹੈ ਪਰ ਇਤਿਹਾਸ ਨਹੀਂ। ਕੌਮੀ ਹਿੱਤ ਮੰਗ ਕਰਦੇ ਹਨ ਕਿ ਇਤਿਹਾਸ ਸੁੰਦਰ ਨਹੀਂ ਸਹੀ ਪੜ੍ਹਾਇਆ ਜਾਏ। ਇਸ ਵਿੱਚ ਕਿਸੇ ਵੀ ਕਿਸਮ ਦੀ ਦੇਰੀ ਜਾਂ ਕੋਤਾਹੀ ਇਕ ਗੁਨਾਹੇ ਅਜ਼ੀਮ ਹੋ ਨਿਬੜੇਗਾ।

ਸੰਗਤ ਵਿੱਚ ਗੁਰਸਿੱਖਾਂ ਦੇ ਬਿਰਾਜਣ ਲਈ ਪੰਥ ਪ੍ਰਵਾਨਤ *ਸਿੱਖ ਰਹਿਤ ਮਰਿਯਾਦਾ* ਨੇ ਬਹੁਤ ਹੀ ਸਪੱਸ਼ਟ ਆਦੇਸ਼ ਅਤੇ ਨਿਰਦੇਸ਼ ਦਿੱਤੇ ਹਨ। *ਸਿੱਖ ਰਹਿਤ ਮਰਿਯਾਦਾ* ਦੇ ਪੰਨਾ 12 ਦੀ ਮਦ (ਝ) ਵਿੱਚ ਸਾਫ਼ ਅੰਕਿਤ ਹੈ, **'ਕਿਸੇ ਮਨੁੱਖ ਦਾ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿੱਚ ਗਦੇਲਾ, ਆਸਣ, ਕੁਰਸੀ, ਚੌਂਕੀ ਮੰਜਾ ਆਦਿ ਲਾ ਕੇ ਬੈਠਣ ਜਾਂ ਕਿਸੇ ਹੋਰ ਵਿਤਕਰੇ ਨਾਲ ਬੈਠਣਾ ਮਨਮੱਤ ਹੈ।'**

ਹੁਣ ਜਦੋਂ ਕਿ *ਸਿੱਖ ਰਹਿਤ ਮਰਿਯਾਦਾ* ਨੇ ਬਿਲਕੁਲ ਹੀ ਸਪੱਸ਼ਟ ਤੌਰ 'ਤੇ ਬਿਆਨ ਕੀਤਾ ਗਿਆ ਹੈ ਕਿ ਭਾਵੇਂ ਸਤਿਗੁਰਾਂ ਦਾ ਪ੍ਰਕਾਸ਼ ਹੋਇਆ ਹੈ ਜਾਂ ਨਹੀਂ, ਸੰਗਤ ਵਿੱਚ ਕੁਰਸੀ ਬਿਛਾਉਣੀ ਜਾਂ ਉਸ 'ਤੇ ਬੈਠਣਾ ਮਨਮੱਤ ਹੈ। ਹੁਣ ਇਸ ਤੋਂ ਬਾਅਦ ਜੋ ਵੀ ਕਿਹਾ ਜਾਵੇਗਾ ਉਹ ਹੁੱਜਤ ਹੈ।

***ਦਰਦ-ਏ-ਸਰ ਹੋਤਾ ਹੈ, ਬੇ ਰੰਗ ਨਾ ਫਰਿਆਦ ਕਰੇਂ।***
***ਬੁਲਬੁਲੇਂ ਮੁਝਸੇ ਗੁਲਿਸਤਾਂ ਕਾ ਸਬਕ ਯਾਦ ਕਰੇਂ।***

ਇਸ ਹੁਕਮਨਾਮੇ ਦੀ ਵਿਰੋਧਤਾ ਕਰਨ ਵਾਲੇ ਹਰ ਆਮ-ਓ-ਖ਼ਾਸ ਕਲੱਬ, ਸਭਾ ਜਾਂ ਨਿਗੁਣੀ ਸੁਸਾਇਟੀ ਦਾ ਮੈਂਬਰ ਬਣਨ ਲਈ ਤਾਂ ਬਿਨਾ ਹੀਲ ਹੁੱਜਤ ਦੇ ਦੱਸੀ ਹੋਈ ਥਾਂ ਤੇ ਦਸਖ਼ਤ ਕਰਕੇ ਵਾਇਦਾ ਕਰ ਦਿੰਦੇ ਹਨ ਕਿ ਅਸੀਂ ਮੌਜੂਦਾ ਤੇ ਭਵਿੱਖ ਵਿੱਚ ਬਣਾਏ ਜਾਣ ਵਾਲੇ ਹਰ ਨਿਯਮ ਦਾ ਪਾਲਣ ਤਨਦੇਹੀ ਨਾਲ ਕਰਾਂਗੇ। ਪਰ ਇਹ ਰੂਹਾਨੀ ਸਭਾ ਜਿਸ ਵਿੱਚ ਆਪ ਪ੍ਰਤੱਖ ਨਿਰੰਕਾਰ ਬਿਰਾਜਮਾਨ ਹੁੰਦਾ ਹੈ, ਦੇ ਬਾਰੇ ਹੀਲ ਹੁੱਜਤ ਆਰੰਭ ਹੋ ਜਾਂਦੀ ਹੈ। ਕਦੀ ਇਹ ਕਹਿੰਦੇ ਹਨ ਕਿ ਥੱਲ੍ਹੇ ਬੈਠਣ ਵਿੱਚ ਤਕਲੀਫ਼ ਹੁੰਦੀ ਹੈ ਤਾਂ ਤੇ ਫਿਰ ਅੰਮ੍ਰਿਤ ਛਕਣ ਲੱਗਿਆਂ ਬੜੇ ਹੀ ਵਚਿੱਤਰ ਢੰਗ ਨਾਲ ਬੀਰ ਆਸਨ ਲਗਾਉਣਾ ਪੈਂਦਾ ਹੈ। ਕਦੀ ਇਹ ਹੁੱਜਤ ਦਿੰਦੇ ਹਨ ਕਿ ਥੱਲ੍ਹੇ ਸਫ਼ਾਈ ਨਹੀਂ, ਸੇਹਤ ਲਈ ਠੀਕ ਨਹੀਂ। ਕੀ ਇਹੋ ਜਿਹੀਆਂ ਮੋਹਮਲ ਦਲੀਲਾਂ ਦੇ ਕੇ ਇਹ ਅਸਿੱਧੇ ਤੌਰ 'ਤੇ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਅਤੇ ਇਸ ਦੇ ਲੰਗਰ ਬਾਰੇ ਨਿਰਾਦਰੀ ਨਹੀਂ ਕਰ ਰਹੇ। ਅਖ਼ਬਾਰ ਵਿੱਚ ਨਜ਼ਰ ਆਉਂਦੀਆਂ ਤਸਵੀਰਾਂ ਮੁਤਾਬਕ ਹੁਕਮਨਾਮੇ ਦੀ ਵਿਰੋਧਤਾ ਕਰਨ ਵਾਲੇ ਬਹੁਤ ਹੀ ਚਿਹਰੇ ਮੋਹਰੇ ਐਸੇ ਸਨ ਜਿਨ੍ਹਾਂ ਨੂੰ ਸਿੱਖ ਪਰਿਭਾਸ਼ਾ ਵਿੱਚ **ਸਿਰ ਘੱਸੇ, ਸਿਰ ਗੁੰਮ ਜਾਂ ਵਿਹਲੇ ਸਿਰ ਵਾਲੇ** ਸਨ, ਜੋ ਜ਼ਾਹਿਰਾ ਤੌਰ 'ਤੇ ਵੀ ਗੁਰੂ ਨਾਲੋਂ ਆਪਣਾ ਨਾਤਾ ਤੋੜ ਚੁੱਕੇ ਸਨ। ਅਖ਼ਬਾਰਾਂ ਦੀਆਂ ਖ਼ਬਰਾਂ ਮੁਤਾਬਕ ਹੁਕਮਨਾਮੇ

ਦੀ ਵਿਰੋਧਤਾ ਕਰਨ ਵਾਲੀ ਸਭਾ ਵਿੱਚ ਤਾੜੀਆਂ ਮਾਰੀਆਂ ਗਈਆਂ। ਇਸ ਤੋਂ ਹੀ ਸਹਿਜੇ ਇਨ੍ਹਾਂ ਦੀ ਜਾਣ ਪਛਾਣ ਹੋ ਸਕਦੀ ਹੈ ਕਿ ਕਿਸੇ ਧਾਰਮਿਕ ਸਭਾ ਵਿੱਚ ਤਾੜਈਆਂ ਮਾਰਨ ਵਾਲੇ ਕੌਣ ਹਨ। ਜਾਂ ਤਾਂ ਇਹ ਨਾਸਤਿਕ ਹੋ ਸਕਦੇ ਹਨ ਤੇ ਜਾਂ ਫਿਰ ਤਾੜੀ ਮਾਰਨ ਵਾਲੀ ਤੀਜੀ ਸ਼੍ਰੇਣੀ। ਦਰਅਸਲ ਇਹ ਉਹੀਓ ਨਾਸਤਕਤਾ ਦੀਆਂ ਸ਼ਕਤੀਆਂ ਹਨ ਜੋ ਕਦੀ ਹਰਿਮੰਦਰ ਸਾਹਿਬ ਵਿੱਚ ਝੋਨਾ ਬੀਜਣ ਦੀ ਰਾਇ ਦਿੰਦੀਆਂ ਹਨ, ਕਦੇ ਕੇਸਾਂ ਤੋਂ ਛੋਟ ਦੀ ਮੰਗ ਕਰਦੀਆਂ ਹਨ ਕਿ ਇਸ ਨਾਲ ਸਿੱਖਾਂ ਦੀ ਗਿਣਤੀ ਵੱਧ ਜਾਏਗੀ, ਕਦੀ ਚੱਮਚ ਨਾਲ ਕੜਾਹ ਪ੍ਰਸ਼ਾਦ ਖਾਣ ਦੀ ਵਕਾਲਤ ਕਰਦੀਆਂ ਹਨ। ਭਾਈ ਨੰਦ ਲਾਲ ਜੀ ਦੇ ਬਚਨ ਹਨ ਕਿ **'ਉਸ ਤੋਂ ਕੁਰਬਾਨ ਹੋ ਜਾ, ਇਸ ਵਿੱਚ ਹੀਲ ਹੁੱਜਤ ਨਾ ਕਰ, ਐ ਗੋਯਾ। ਕਿਉਂ ਜੋ ਸਾਡੀ ਰੀਤ ਵਿੱਚ ਹੀਲ ਹੁੱਜਤ ਦੀ ਕੋਈ ਥਾਂ ਨਹੀਂ।'**

***ਫ਼ਿਦਾਇ ਊ ਸ਼ੌ ਵ ਉਜਰੇ ਮਖ਼ਾਹ ਐ ਗੋਯਾ***
***ਕਿ ਦਰ ਤਕੀਕਤਿ-ਮਾਜਾਇ ਉਜ਼ਰ ਖ਼ਾਹੀ ਨੀਸਤ॥***

✣✣✣